Lancashire
Early years

# ਤੁਹਾਡੇ 2, 3, ਜਾਂ 4 ਸਾਲਾਂ ਦੇ ਬੱਚਿਆਂ ਨੂੰ ਖੇਡਣ, ਸਿੱਖਣ ਅਤੇ ਵਧਣ-ਫੁੱਲਣ ਵਿੱਚ ਮਦਦ ਕਰਨ ਲਈ ਸਥਾਨਕ ਨਰਸਰੀਆਂ ਅਤੇ ਬੱਚਿਆਂ ਦੇ ਰਖਵਾਲਿਆਂ (childminders) ਕੋਲ ਫ਼ੰਡਸ਼ੁਦਾ ਸਥਾਨ।

ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਵੱਡੇ ਹੋਕੇ ਸਿਹਤਮੰਦ, ਖੁਸ਼ ਅਤੇ ਆਪਣੇ ਇਰਦ-ਗਿਰਦ ਦੀ ਦੁਨੀਆਂ ਨਾਲ ਚੰਗੀ ਤਰ੍ਹਾਂ ਵਿਵਸਥਿਤ ਹੋਕੇ ਰਹਿਣ ਅਤੇ ਤੁਹਾਡੀ ਪ੍ਰਸਥਿਤੀ ਜੋ ਵੀ ਹੋਵੇ, ਇਸ ਆਧੁਨਿਕ ਸੰਸਾਰ ਵਿੱਚ ਪਰਿਵਾਰਕ ਜੀਵਨ ਵਿੱਚ ਸੰਤੁਲਨ ਬਿਠਾਉਣਾ ਮੁਸ਼ਕਿਲ ਹੋ ਸਕਦਾ ਹੈ!
ਬੱਚੇ ਬਹੁਤ ਛੇਤੀ ਵੱਡੇ ਹੋ ਜਾਂਦੇ ਹਨ ਪਰ ਤੁਸੀਂ ਉਹਨਾਂ ਨੂੰ ਪ੍ਰਤੀ ਹਫਤਾ ਕੁਝ ਘੰਟਿਆਂ ਲਈ ਸਰਕਾਰ ਵੱਲੋਂ ਫ਼ੰਡ ਸਹਾਇਤਾ ਪ੍ਰਾਪਤ ਕਿਸੇ ਸਥਾਨਕ ਨਰਸਰੀ ਵਿੱਚ ਜਾਂ ਕਿਸੇ ਬੱਚਿਆਂ ਦੇ ਰਖਵਾਲੇ (childminder) ਕੋਲ ਲਿਜਾਕੇ ਜੀਵਨ ਵਿੱਚ ਸ਼ਾਨਦਾਰ ਸ਼ੁਰੂਆਤ ਦੇ ਸਕਦੇ ਹੋ।




## ਜੇ ਤੁਹਾਡਾ ਕੋਈ 3, ਜਾਂ 2 ਸਾਲਾਂ ਦਾ ਬੱਚਾ ਹੈ, ਤਾਂ ਕੀ ਤੁਹਾਨੂੰ ਪਤਾ ਹੈ...

ਲੰਕਾਸ਼ਾਇਰ ਵਿੱਚ ਸਾਰੇ 3 ਅਤੇ 4 ਸਾਲਾਂ ਦੀ ਉਮਰ ਦੇ ਬੱਚਿਆਂ ਨੂੰ ਸਰਕਾਰ ਵੱਲੋਂ ਫ਼ੰਡ ਸਹਾਇਤਾ ਪ੍ਰਾਪਤ ਪ੍ਰਤੀ ਹਫਤਾ 15 ਘੰਟੇ (570 ਘੰਟੇ ਪ੍ਰਤੀ ਸਾਲ) ਦਾ ਹੱਕ ਹੁੰਦਾ ਹੈ ਅਤੇ ਜ਼ਿਆਦਾਤਰ ਕੰਮਕਾਜ਼ੀ ਪਰਿਵਾਰਾਂ ਵਾਸਤੇ ਇਹ ਪ੍ਰਤੀ ਹਫਤਾ 30 ਘੰਟੇ (1,140 ਘੰਟੇ ਪ੍ਰਤੀ ਸਾਲ) ਤੱਕ ਜਾ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ lancashire.gov.uk/childcare ਦੇਖੋ।




**ਖੁੰਝ ਨਾ ਜਾਇਓ,
ਤੁਹਾਡੇ ਬੱਚੇ ਨੂੰ ਹੱਕ ਹੈ!**

comms: 7246

lancashire.gov.uk/childcare

Lancashire County Council

## ਜੇ ਤੁਹਾਡਾ ਕੋਈ 2 ਸਾਲਾਂ ਦਾ ਬੱਚਾ ਹੈ, ਤਾਂ ਕੀ ਤੁਹਾਨੂੰ ਪਤਾ ਹੈ...

ਕੁਝ 2 ਸਾਲਾਂ ਦੀ ਉਮਰ ਦੇ ਬੱਚਿਆਂ ਵਾਸਤੇ ਵੀ ਸਰਕਾਰ ਪ੍ਰਤੀ ਹਫਤਾ 15 ਘੰਟੇ ਤੱਕ ਲਈ ਫ਼ੰਡ ਸਹਾਇਤਾ ਦਿੰਦੀ ਹੈ। ਇਹ ਤੁਹਾਡੇ ਘਰ ਦੀ ਆਮਦਨ 'ਤੇ ਨਿਰਭਰ ਕਰੇਗਾ ਜਾਂ ਇਸ ਉੱਤੇ ਕਿ ਕੀ ਤੁਹਾਨੂੰ ਕੁਝ ਵਿਸ਼ੇਸ਼ ਲਾਭ ਮਿਲ ਰਹੇ ਹਨ। ਵਧੇਰੇ ਜਾਣਕਾਰੀ ਵਾਸਤੇ ਸਾਡੀ www.lancashire.gov.uk/childcare ਦੇਖੋ।

## ਆਪਣੇ 2 ਸਾਲਾਂ ਦੇ ਬੱਚੇ ਦੀ ਸ਼ੁਰੂਆਤੀ ਸਿੱਖਣ ਪ੍ਰਕਿਰਿਆ ਦੇ ਰੁਮਾਂਚ ਤੋਂ ਖੁੰਝੋ ਨਾ!

ਇਹ ਦੇਖਣ ਲਈ ਸਾਡੇ https://fi sonline.lancashire.gov.uk/SynergyWeb/ 'ਤੇ ਜਾਓ, ਕਿ ਕੀ ਤੁਹਾਡਾ ਬੱਚਾ ਅੱਜ ਹੱਕਦਾਰ ਹੈ!




## ਤੁਹਾਡੇ ਬੱਚੇ ਵਾਸਤੇ ਨਰਸਰੀ ਜਾਂ ਕਿਸੇ ਬੱਚਿਆਂ ਦੇ ਰਖਵਾਲੇ (childminder) ਕੋਲ ਸੀਟ ਲੈਣਾ ਕਿਉਂ ਵਧੀਆ ਹੁੰਦਾ ਹੈ...

- ਮਜ਼ੇਦਾਰ ਸੈਸ਼ਨਾਂ ਵਿੱਚ ਹਾਜ਼ਰ ਹੋਣਾ ਤੁਹਾਡੇ ਬੱਚੇ ਨੂੰ ਖੇਡ ਰਾਹੀਂ ਸਿੱਖਣ ਅਤੇ ਵਿਕਸਿਤ ਹੋਣ ਵਿੱਚ ਮਦਦ ਕਰਦਾ ਹੈ।
- ਤੁਹਾਡਾ ਬੱਚਾ ਨਵੇਂ ਦੋਸਤ ਬਣਾਵੇਗਾ ਅਤੇ ਆਪਣੇ ਆਤਮ-ਵਿਸ਼ਵਾਸ ਦਾ ਨਿਰਮਾਣ ਕਰੇਗਾ।
- ਇਹ ਤੁਹਾਡੇ ਬੱਚੇ ਦੇ ਬੋਲਣ ਅਤੇ ਸੁਣਨ ਦੇ ਹੁਨਰਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ।
- ਇਹ ਤੁਹਾਡੇ ਬੱਚੇ ਨੂੰ ਸਕੂਲ ਦੀ ਸ਼ੁਰੂਆਤ ਕਰਨ ਵਾਸਤੇ ਤਿਆਰ ਹੋਣ ਵਿੱਚ ਮਦਦ ਕਰਦਾ ਹੈ।

## ਬਾਕੀ ਭਰੋਸਾ ਰੱਖੋ...

- ਤੁਹਾਡੇ ਬੱਚੇ ਦੀ ਇੱਕ ਸਲਾਮਤ, ਸੁਰੱਖਿਅਤ ਮਹੌਲ ਵਿੱਚ ਦੇਖਭਾਲ ਕੀਤੀ ਜਾਵੇਗੀ ਜਿਸਨੂੰ Ofsted ਦੁਆਰਾ ਨਿਯਮਿਤ ਕੀਤਾ ਜਾਂਦਾ ਹੈ।
- ਸਾਡੀਆਂ ਸਾਰੀਆਂ ਨਰਸੀਆਂ ਅਤੇ ਬੱਚਿਆਂ ਦੇ ਰਖਵਾਲੇ (childminders) ਸਾਰੇ ਲੋਕਾਂ ਨੂੰ ਸ਼ਾਮਲ ਕਰਦੇ ਹਨ ਅਤੇ ਵੱਖ-ਵੱਖ ਸੱਭਿਆਚਾਰਕ, ਆਹਾਰ-ਸੰਬੰਧੀ, ਧਾਰਮਿਕ ਅਤੇ ਵਿਸ਼ੇਸ਼ ਜਾਂ ਸਿੱਖਿਆ ਲੋੜਾਂ ਦੀ ਪੂਰਤੀ ਕਰਦੇ ਹਨ।

## ਸਹੀ ਨਰਸਰੀ ਜਾਂ ਬੱਚਿਆਂ ਦਾ ਰਖਵਾਲਾ (childminder) ਲੱਭਣਾ।

ਤੁਸੀਂ ਸਾਡੀ www.lancashire.gov.uk/childcare ਦੇ ਸੈਕਸ਼ਨ ਵਿੱਚ ਜਾਕੇ ਸਥਾਨਕ ਨਰਸਰੀਆਂ ਜਾਂ ਬੱਚਿਆਂ ਦੇ ਰਖਵਾਲਿਆਂ (childminders) ਦੀ ਇੱਕ ਸੂਚੀ ਲੱਭ ਸਕਦੇ ਹੋ। ਤੁਹਾਡੀ ਇਹ ਚੁਣਨ ਵਿੱਚ ਮਦਦ ਕਰਨ ਲਈ ਉਪਯੋਗੀ ਗਾਈਡਾਂ ਦੀ ਇੱਕ ਰੇਂਜ ਵੀ ਉਪਲਬਧ ਹੈ ਕਿ ਕਿਹੜੀ ਕਿਸਮ ਤੁਹਾਡੇ ਪਰਿਵਾਰ ਦੀਆਂ ਲੋੜਾਂ ਲਈ ਸਭ ਤੋਂ ਵੱਧ ਢੁਕਵੀਂ ਹੈ।

## ਜੇ ਤੁਹਾਨੂੰ ਸਰਕਾਰ ਵੱਲੋਂ ਫ਼ੰਡਸ਼ੁਦਾ ਘੰਟਿਆਂ ਤੋਂ ਜ਼ਿਆਦਾ ਘੰਟਿਆਂ ਦੀ ਲੋੜ ਹੈ...

ਜੇ ਤੁਸੀਂ ਆਪਣੇ ਬੱਚੇ ਦੇ ਘੰਟਿਆਂ ਵਿੱਚ ਵਾਧਾ ਕਰਨਾ ਚਾਹੁੰਦੇ ਹੋ ਜਾਂ ਵਰਤਮਾਨ ਸਮੇਂ ਵਾਧੂ ਘੰਟਿਆਂ ਲਈ ਭੁਗਤਾਨ ਕਰ ਰਹੇ ਹੋ ਤਾਂ ਤੁਸੀਂ ਸਰਕਾਰ ਕੋਲੋਂ ਵਾਧੂ ਵਿੱਤੀ ਸਹਾਇਤਾ ਦੇ ਹੱਕਦਾਰ ਹੋ ਸਕਦੇ ਹੋ ਜਿਵੇਂ ਕਿ ਦੇ ਰਾਹੀਂ।

## ਅਸੀਂ ਇੱਥੇ ਮਦਦ ਕਰਨ ਵਾਸਤੇ ਮੌਜੂਦ ਹਾਂ

'ਫੈਮਿਲੀ ਇਨਫਰਮੇਸ਼ਨ ਸਰਵਿਸ' (Family Information Service) ਤੁਹਾਡੇ ਬੱਚੇ ਦੀ ਸਿੱਖਿਆ ਯਾਤਰਾ ਦੀ ਐਨ ਸ਼ੁਰੂਆਤ ਤੋਂ ਲੈਕੇ ਉਸਦੇ ਸਕੂਲ ਸ਼ੁਰੂ ਕਰਨ ਤੱਕ ਤੁਹਾਡੀ ਸਹਾਇਤਾ ਕਰਨ ਵਿੱਚ ਮਦਦ ਕਰਨ ਲਈ ਇੱਥੇ ਹੈ। ਇਸ ਲਈ, ਚਾਹੇ ਤੁਹਾਡੇ ਜੋ ਵੀ ਸਵਾਲ ਜਾਂ ਸ਼ੰਕੇ ਹੋਣ, ਅਸੀਂ ਤੁਹਾਡੀ ਮਦਦ ਕਰਕੇ ਖੁਸ਼ ਹੋਵਾਂਗੇ। ਤੁਸੀਂ ਸਾਡੇ ਨਾਲ ਇਸ ਨੰਬਰ 'ਤੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ:
0300 123 6712 ਜਾਂ ਇਹਨਾਂ ਪਤਿਆਂ 'ਤੇ ਈਮੇਲ ਕਰ ਸਕਦੇ ਹੋ:
fis@lancashire.gov.uk

ਕਿਸੇ ਨਰਸਰੀ ਜਾਂ ਬੱਚਿਆਂ ਦੇ ਰਖਵਾਲੇ (childminder) ਕੋਲ ਕੋਈ ਸੀਟ ਲੈਣ ਵਾਸਤੇ ਵਧੇਰੇ ਵਿਸਤਰਿਤ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ, http://www3. lancashire.gov.uk/corporate/web/viewdoc. asp?id=143829 ਦੇਖੋ।

**lancashire.gov.uk/childcare**

